Department of Agriculture and Fisheries (ਖੇਤੀਬਾੜੀ ਅਤੇ ਮੱਛੀ ਪਾਲਣ ਵਿਭਾਗ)

Biosecurity Queensland (ਬਾਇਓਸਿਕਯੋਰਿਟੀ ਕਵੀਂਸਲੈਂਡ)

ਪਨਾਮਾ ਡਿਜ਼ੀਜ਼ ਟ੍ਰਾਪਿਕਲ ਰੇਸ 4

# ਡਿਕੱਟੋਮਿਨੇਸ਼ਨ ਗਾਈਡ (ਕੀਟਾਣੂਰਹਿਤ ਕਰਨ ਸੰਬੰਧੀ ਪੁਸਤਿਕਾ)

ਪ੍ਰਤੀਰੂਪ 1, ਜੂਨ 2015

Punjabi



Australian Government

Queensland Government







## ਪਨਾਮਾ ਡਿਜ਼ੀਜ਼ ਟ੍ਰਾਪਿਕਲ ਰੇਸ 4

# ਡਿਕੰਟੇਮਿਨੇਸ਼ਨ ਗਾਈਡ (ਕੀਟਾਣੂਰਹਿਤ ਕਰਨ ਸੰਬੰਧੀ ਪੁਸਤਿਕਾ)

Biosecurity Queensland ਨੇ ਉੱਤਰੀ ਕਵੀਂਸਲੈਂਡ ਵਿੱਚ ਪਨਾਮਾ ਡਿਜ਼ੀਜ਼ ਟ੍ਰਾਪਿਕਲ ਰੇਸ 4 ਦੀ ਮੌਜੂਦਗੀ ਦੀ ਪੁਸ਼ਟੀ ਕੀਤੀ ਹੈ।

ਇਹ ਸੰਭਵ ਹੈ ਕਿ ਇਹ ਬੀਮਾਰੀ ਉੱਤਰੀ ਕਵੀਂਸਲੈਂਡ ਵਿੱਚ ਕਈ ਸਾਲਾਂ ਤੋਂ ਚੱਲਦੀ ਆ ਰਹੀ ਹੈ ਅਤੇ ਅਜਿਹੀਆਂ ਸੰਕ੍ਰਮਿਤ ਪ੍ਰਾਪਰਟੀਆਂ ਦੇ ਹੋਣ ਦੀ ਸੰਭਾਵਨਾ ਹੈ ਜਿਹਨਾਂ ਦੀ ਹਾਲੇ ਤਕ ਪਛਾਣ ਨਹੀਂ ਕੀਤੀ ਗਈ ਹੈ।

ਇਸ ਖਤਰੇ ਨੂੰ ਧਿਆਨ ਵਿੱਚ ਰੱਖਦੇ ਹੋਏ, ਤੁਹਾਡੀ ਪ੍ਰਾਪਰਟੀ ਵਿੱਚ ਆਉਣ-ਜਾਉਣ ਵਾਲੇ ਮੁਲਾਕਾਤੀਆਂ ਅਤੇ ਕਰਮਚਾਰੀਆਂ ਨੂੰ ਆਉਣ ਅਤੇ ਜਾਉਣ ਦੋਵੇਂ ਵੇਲੇ ਸਾਫ-ਸਫਾਈ ਰੱਖਣ ਲਈ ਪ੍ਰੋਤਸਾਹਤ ਕੀਤਾ ਜਾਂਦਾ ਹੈ।

ਗੱਡੀਆਂ, ਮਸ਼ੀਨਾਂ, ਟੂਲ, ਕਪੜੇ ਅਤੇ ਜੁਤੇ ਵਰਗੇ ਸਾਧਨਾਂ ਅਤੇ ਵਸਤੂਆਂ ਜਿਹੜੇ ਬੂਟੇ ਜਾਂ ਮਿੱਟੀ ਦੀ ਸਮੱਗਰੀ ਨਾਲ ਸੰਪਰਕ ਵਿੱਚ ਆਉਂਦੇ ਹਨ, ਉਹਨਾਂ ਦੁਆਰਾ ਸੰਭਾਵੀ ਤੌਰ 'ਤੇ ਬੀਮਾਰੀ ਫੈਲ ਸਕਦੀ ਹੈ।

ਤੁਹਾਡੀ ਪ੍ਰਾਪਰਟੀ ਦੀ ਸੁਰੱਖਿਆ ਕਰਨ ਵਿੱਚ ਮਦਦ ਕਰਨ ਲਈ, ਇਹ ਸੁਝਾਅ ਦਿੱਤਾ ਜਾਂਦਾ ਹੈ ਕਿ ਤੁਸੀਂ ਇਹਨਾਂ ਵਸਤੂਆਂ ਅਤੇ ਨਾਲ ਹੀ ਲੋਕਾਂ ਤੇ ਜਾਨਵਰਾਂ ਨੂੰ ਇੱਕ ਥਾਂ ਤੋਂ ਦੂਜੀ ਥਾਂ ਲੈ ਜਾਏ ਜਾਣ ਦੀ ਪ੍ਰਕ੍ਰਿਆ ਦਾ ਪ੍ਰਬੰਧ ਕਰੋ ਅਤੇ ਇਸ ਪੁਸਤਿਕਾ ਵਿੱਚ ਦਿੱਤੇ ਤਰੀਕੇ ਮੁਤਾਬਕ ਆਪਣੀ ਪ੍ਰਾਪਰਟੀ 'ਤੇ ਵਾਸ਼-ਡਾਉਨ (ਪਾਣੀ ਨਾਲ ਧੋਣ) ਅਤੇ ਕੀਟਾਣੂਰਹਿਤ ਕਰਨ ਦੀਆਂ ਕਾਰਜਵਿਧੀਆਂ ਲਾਗੂ ਕਰੋ।

ਇਹਨਾਂ ਕਾਰਜਵਿਧੀਆਂ ਵਿੱਚ ਕਾਫੀ ਸਮਾਂ ਲਗ ਸਕਦਾ ਹੈ, ਪਰ ਇਹ ਤੁਹਾਡੀ ਪ੍ਰਾਪਰਟੀ ਦੀ ਸੁਰੱਖਿਆ ਕਰਨ ਲਈ ਮਹੱਤਵਪੂਰਣ ਹਨ। ਇਹ ਮਹੱਤਵਪੂਰਣ ਹੈ ਕਿ ਆਪਣੇ ਰੋਜ਼ ਦੇ ਕੰਮਾਂ ਦੇ ਭਾਗ ਦੇ ਤੌਰ 'ਤੇ ਤੁਸੀਂ ਇਸ ਪ੍ਰਕ੍ਰਿਆ ਨੂੰ ਸਹੀ ਤਰੀਕੇ ਨਾਲ ਪੂਰਾ ਕਰਨ ਲਈ ਜੋਗ ਸਮਾਂ ਦਿੰਦੇ ਹੋ।

**ਬਾਇਓਸਿਕਯੋਰਿਟੀ (ਜੈਵ-ਸੁਰੱਖਿਆ) ਹਰ ਕਿਸੀ ਦੀ ਜੁੰਮੇਵਾਰੀ ਹੈ।**



# ਲੋਕ

## ਇੱਕ ਥਾਂ ਤੋਂ ਦੂਜੀ ਥਾਂ ਆਉਣਾ-ਜਾਉਣਾ

ਮੁਲਾਕਾਤੀ ਅਤੇ ਕਰਮਚਾਰੀ ਆਪਣੇ ਜੁੱਤਿਆਂ ਵਿੱਚ ਦੂਸ਼ਿਤ ਮਿੱਟੀ ਹੋਣ ਕਰਕੇ ਜਾਂ ਕਪੜਿਆਂ ਵਿੱਚ ਫੰਗਸ (ਕਾਈ) ਦੇ ਜੀਵਾਣੂਆਂ ਦੇ ਹੋਰ ਕਰਕੇ ਬੀਮਾਰੀ ਫੈਲਾ ਸਕਦੇ ਹਨ।

ਖਤਰੇ ਨੂੰ ਘੱਟ ਕਰਨ ਲਈ ਤੁਸੀਂ ਕਈ ਸੁਰੱਖਿਆ ਕਦਮ ਚੁੱਕ ਸਕਦੇ ਹੋ, ਜੋ ਕਿ ਇਸ ਤਰ੍ਹਾਂ ਦੇ ਹੋ ਸਕਦੇ ਹਨ:

- ਇਹ ਯਕੀਨੀ ਬਣਾਉ ਕਿ ਮੁਲਾਕਾਤੀ ਅਤੇ ਕਰਮਚਾਰੀ ਤੁਹਾਡੇ ਫਾਰਮ ਦੀਆਂ ਬਾਇਓਸਿਕਯੋਰਿਟੀ (ਜੈਵ-ਸੁਰੱਖਿਆ) ਕਾਰਜਵਿਧੀਆਂ ਤੋਂ ਜਾਣੂ ਹਨ ਅਤੇ ਉਹਨਾਂ ਨੂੰ ਇਹ ਯਕੀਨੀ ਬਣਾਉਣ ਦੀ ਮਹੱਤਤਾ ਬਾਰੇ ਪਤਾ ਹੈ ਕਿ ਉਹਨਾਂ ਦੇ ਪ੍ਰਾਪਰਟੀ ਵਿੱਚ ਦਾਖਲ ਹੋਣ ਤੋਂ ਪਹਿਲਾਂ ਉਹਨਾਂ ਦੇ ਜੂਤੇ, ਕਪੜੇ, ਸਾਧਨ ਅਤੇ ਗੱਡੀਆਂ ਸਾਫ ਹਨ ਅਤੇ ਉਹਨਾਂ ਵਿੱਚ ਕੋਈ ਕੀੜੇ ਨਹੀਂ ਹਨ।
- ਕਿਸੇ ਅਜਿਹੇ ਮੁਲਾਕਾਤੀ ਜਾਂ ਕਰਮਚਾਰੀ ਨੂੰ ਦਾਖਲ ਨਹੀਂ ਹੋਣ ਦਿੱਤਾ ਜਾਣਾ ਚਾਹੀਦਾ ਜਿਹੜਾ ਗੱਡੀਆਂ, ਸਾਧਨ ਅਤੇ ਜੂਤੇ ਸਾਫ ਕਰਨ ਤੋਂ ਮਨ੍ਹਾ ਕਰਦਾ ਹੈ, ਜਾਂ ਜੋ ਇਹ ਦਰਸਾ ਨਹੀਂ ਪਾਉਂਦਾ ਹੈ ਕਿ ਉਸਦੇ ਕਪੜੇ ਸਾਫ ਹਨ।
- ਜਿਨ੍ਹਾ ਸੰਭਵ ਹੋ ਸਕੇ ਮੁਲਾਕਾਤੀਆਂ ਦਾ ਸੰਪਰਕ ਫਸਲਾਂ ਅਤੇ ਪੌਦੇ ਸਮੱਗਰੀ ਤੋਂ ਸੀਮਿਤ ਕੀਤਾ ਜਾਣਾ ਚਾਹੀਦਾ ਹੈ।
- ਜੇਕਰ ਤੁਸੀਂ ਅਜਿਹਾ ਵਪਾਰ ਚਲਾਉਂਦੇ ਹੋ ਜਿਸ ਵਿੱਸ ਸੈਰ-ਸਪਾਟਾ ਸ਼ਾਮਲ ਹੈ ਤਾਂ ਤੁਹਾਨੂੰ ਦਾਖਲੇ ਦੀਆਂ ਕਿਸੇ ਜ਼ਰੂਰਤਾਂ ਨੂੰ ਸਾਫ-ਸਾਫ ਦਰਸਾਉਣਾ ਚਾਹੀਦਾ ਹੈ ਅਤੇ ਨਵੇਂ ਕੀੜਿਆਂ ਅਤੇ ਬੀਮਾਰੀਆਂ ਦੀ ਜਾਂਚ ਕਰਨ ਲਈ ਤੁਹਾਨੂੰ ਖਾਸ ਕਰਕੇ ਸਤਰਕ ਰਹਿਣਾ ਚਾਹੀਦਾ ਹੈ।

## ਚੇਤਾਵਨੀ ਸੰਕੇਤ

ਚੰਗੇ ਤਰੀਕੇ ਨਾਲ ਤਿਆਰ ਕੀਤੇ ਚੇਤਾਵਨੀ ਸੰਕੇਤ ਮੁਲਾਕਾਤੀਆਂ ਅਤੇ ਕਰਮਚਾਰੀਆਂ ਨੂੰ ਇਹ ਸੂਚਨਾ ਦਿੰਦੇ ਹਨ ਕਿ ਤੁਹਾਡੀ ਪ੍ਰਾਪਰਟੀ ‘ਤੇ ਬਾਇਓਸਿਕਯੋਰਿਟੀ (ਜੈਵ-ਸੁਰੱਖਿਆ) ਨੂੰ ਉੱਚ ਤਰਜੀਹ ਦਿੱਤੀ ਜਾਂਦੀ ਹੈ। ਸੰਕੇਤ ਲੋਕਾਂ ਨੂੰ ਉਹਨਾਂ ਦੇ ਦੌਰੇ ਨਾਲ ਪੈ ਸਕਣ ਵਾਲੇ ਸੰਭਵ ਪ੍ਰਭਾਵਾਂ ਬਾਰੇ ਵੀ ਯਾਦ ਕਰਾਉਂਦੇ ਹਨ।

ਤੁਹਾਡੇ ਫਾਰਮ ਦੀਆਂ ਬਾਇਓਸਿਕਯੋਰਿਟੀ (ਜੈਵ-ਸੁਰੱਖਿਆ) ਕਾਰਜਵਿਧੀਆਂ ਨੂੰ ਸਾਫ-ਸਾਫ ਦਰਸਾਉਣ ਵਾਲੇ ਚੇਤਾਵਨੀ ਸੰਕੇਤਾਂ ਨੂੰ ਦਾਖਿਲ ਹੋਣ ਦੀ ਹਰੇਕ ਥਾਂ ‘ਤੇ ਲਗਾਇਆ ਜਾਣਾ ਚਾਹੀਦਾ ਹੈ। ਇਹ ਸੁਝਾਅ ਦਿੱਤਾ ਜਾਂਦਾ ਹੈ ਕਿ ਤੁਸੀਂ ਇੱਕ ਟੇਲੀਫੋਨ ਨੰਬਰ ਇਹਨਾਂ ਸੰਕੇਤਾਂ ਤੇ ਲਿਖੋ ਅਤੇ ਮੁਲਾਕਾਤੀਆਂ ਨੂੰ ਆਪਣੀ ਪ੍ਰਾਪਰਟੀ ਵਿੱਚ ਦਾਖਲ ਹੋਣ ਤੋਂ ਪਹਿਲਾਂ ਇਸ ਨੰਬਰ ਤੇ ਫੋਨ ਕਰਨ ਲਈ ਨਿਰਦੇਸ਼ਤ ਕਰੋ।

ਇਸਤੋਂ ਇਲਾਵਾ, ਅਜਿਹੇ ਸੰਕੇਤਾਂ ਦਾ ਇਸਤੇਮਾਲ ਕੀਤਾ ਜਾ ਸਕਦਾ ਹੈ ਜਿਹੜੇ ਮੁਲਾਕਾਤੀਆਂ ਨੂੰ ਪਾਰਕਿੰਗ ਖੇਤਰਾਂ ਵੱਲ ਨਿਰਦੇਸ਼ਤ ਕਰਨ ਅਤੇ ਉਤਪਾਦਨ ਖੇਤਰਾਂ ਵਰਗੇ ਸੀਮਿਤ ਖੇਤਰਾਂ ਵਿੱਚ ਗੈਰ-ਜ਼ਰੂਰੀ ਆਉਣ-ਜਾਉਣ ਦੀਆਂ ਘਟਨਾਵਾਂ ਦੀ ਰੋਕਥਾਮ ਕਰਨ ਵਿੱਚ ਮਦਦ ਕਰਨ।




## ਨਾਮਜ਼ਦ ਪਾਰਕਿੰਗ ਖੇਤਰ

ਤੁਹਾਡੇ ਉਤਪਾਦਨ ਖੇਤਰਾਂ ਤੋਂ ਪਰੇ ਸਥਿਤ ਇੱਕ ਪਾਰਕਿੰਗ ਖੇਤਰ ਕਿਸੇ ਅਣਚਾਹੇ ਕੀੜਿਆਂ ਅਤੇ ਬੀਮਾਰੀਆਂ ਦੀ ਰੋਕਥਾਮ ਕਰਨ ਵਿੱਚ ਮਦਦ ਕਰ ਸਕਦਾ ਹੈ। ਚੇਤਾਵਨੀ ਸੰਕੇਤ ਦਾ ਇਸਤੇਮਾਲ ਕਰਕੇ, ਇਹ ਸਪੱਸ਼ਟ ਕੀਤਾ ਜਾਣਾ ਚਾਹੀਦਾ ਹੈ ਕਿ ਗੱਡੀਆਂ ਦਾ ਕਾਰ ਪਾਰਕ ਤੋਂ ਅੱਗੇ ਆਉਣਾ ਮਨ੍ਹਾ ਹੈ ਬਸ਼ਰਤੇ ਕਿ ਅਜਿਹਾ ਕਰਨਾ ਸਰਾਸਰ ਲੋੜੀਂਦਾ ਨਾ ਹੋਵੇ।

ਜੇਕਰ ਗੱਡੀਆਂ ਦੇ ਕਿਸੇ ਥਾਂ ਤੋਂ ਅੱਗੇ ਆਉਣ ਦੀ ਲੋੜ ਪੈਂਦੀ ਹੈ, ਤਾਂ ਵਾਸ਼-ਡਾਊਨ (ਸਾਫ-ਸਫਾਈ ਲਈ ਧੋਣ) ਅਤੇ ਕੀਟਾਣੂਰਹਿਤ ਕਰਨ ਦੀਆਂ ਕਾਰਜਵਿਧੀਆਂ ਨੂੰ ਪੂਰਾ ਕੀਤਾ ਜਾਣਾ ਚਾਹੀਦਾ ਹੈ। ਮੁਲਾਕਾਤੀਆਂ ਨੂੰ ਨਿਜੀ ਤੌਰ ‘ਤੇ ਕੀਟਾਣੂਰਹਿਤ ਹੋਣ ਦੀ ਕਾਰਜਵਿਧੀ ਵੀ ਕਰਨੀ ਚਾਹੀਦੀ ਹੈ।

## ਵਿਜ਼ੀਟਰ (ਮੁਲਾਕਾਤੀ) ਰਜਿਸਟਰ

ਇਹ ਯਕੀਨੀ ਬਣਾਉਣਾ ਮਹੱਤਵਪੂਰਣ ਹੈ ਕਿ ਸਾਰੇ ਮੁਲਾਕਾਤੀ ਅਤੇ ਕਰਮਚਾਰੀ, ਜਿਹਨਾਂ ਵਿੱਚ ਉਹ ਲੋਕ ਵੀ ਸ਼ਾਮਲ ਹੋ ਸਕਦੇ ਹਨ ਜਿਹੜੇ ਕੇਲੇ ਦੇ ਦੂਜੇ ਫਾਰਮਾਂ ਵਿੱਚ ਜਾ ਸਕਦੇ ਹਨ ਜਿਵੇਂ ਕਿ ਕਾਂਟਰੇਕਟਰ (ਠੇਕੇਦਾਰ), ਆਪਣੇ ਆਉਣ ਵੇਲੇ ਤੁਰੰਤ ਹੀ ਪ੍ਰਾਪਰਟੀ ਦੇ ਮਾਲਕ ਨੂੰ ਸੂਚਿਤ ਕਰਨ।



ਇਹ ਸੁਝਾਅ ਦਿੱਤਾ ਜਾਂਦਾ ਹੈ ਕਿ ਤੁਸੀਂ ਸਾਰੇ ਮੁਲਾਕਾਤੀਆਂ ਅਤੇ ਕਰਮਚਾਰੀਆਂ ਲਈ ਸਾਇਨ ਕਰਨਾ ਜ਼ਰੂਰੀ ਬਣਾਉ ਅਤੇ ਉਹਨਾਂ ਦੇ ਆਪਣੀ ਪ੍ਰਾਪਰਟੀ ਦੇ ਆਉਣ ਦੇ ਸਮੇਂ ਉਹਨਾਂ ਦੇ ਸੰਪਰਕ ਵੇਰਵੇ ਇੱਕ ਵਿਜ਼ੀਟਰ ਰਜਿਸਟਰ ਵਿੱਚ ਲਿਖੋ।

ਇਹ ਜਾਣਕਾਰੀ ਭਾਂਬੜ ਦੀ ਹੱਦ ਨੂੰ ਨਿਰਧਾਰਤ ਕਰਨ ਵਾਸਤੇ ਜਾਂਚ-ਪੜਤਾਲ ਕਰਨ ਵਿੱਚ ਮਦਦਗਾਰ ਹੋ ਸਕਦੀ ਹੈ ਅਤੇ ਬੀਮਾਰੀ ਨੂੰ ਫੈਲਣ ਤੋਂ ਰੋਕਣ ਲਈ ਮਦਦ ਕਰ ਸਕਦੀ ਹੈ। ***ਪਨਾਮਾ ਡਿਜ਼ੀਜ਼ ਟ੍ਰਾਪਿਕਲ ਰੇਸ 4 ਗ੍ਰੋਅਰ ਕਿਟ ਦੇ ਆਨ-ਫਾਰਮ ਬਾਇਓਸਿਕਯੋਰਿਟੀ ਸੈਕਸ਼ਨ ਵਿੱਚ ਵਿਜ਼ੀਟਰ ਰਜਿਸਟਰ ਵੇਖੋ।***

## ਵਿਦੇਸ਼ੀ ਸੈਲਾਨੀ

ਵਿਦੇਸ਼ੀ ਸੈਲਾਨੀ ਕਾਫੀ ਖਤਰਾ ਪੇਸ਼ ਕਰਦੇ ਹਨ, ਖਾਸ ਕਰਕੇ ਜੇਕਰ ਉਹ ਕਿਸੇ ਅਜਿਹੇ ਫਾਰਮ ਜਾਂ ਬਾਜ਼ਾਰ ਵਿੱਚ ਗਏ ਹੋਣ ਜਿੱਥੇ ਪੌਦਿਆਂ ਨਾਲ ਸੰਬੰਧਤ ਸਮੱਗਰੀ ਵੇਚੀ ਗਈ ਹੋਵੇ। ਇਹ ਜਾਂਚ ਕਰੋ ਕਿ ਹਾਲ ਹੀ ਵਿੱਚ ਸੰਭਤ ਤੌਰ ‘ਤੇ ਵਿਦੇਸ਼ ਤੋਂ ਆਏ ਪਰਿਵਾਰ ਦੇ ਸਦੱਸ, ਕਰਮਚਾਰੀ ਅਤੇ ਮੁਲਾਕਾਤੀ ਆਪਣੇ ਨਾਲ ਕਿਸੇ ਪੌਦਿਆਂ ਦੀ ਸਮੱਗਰੀ ਨੂੰ ਨਹੀਂ ਲਿਆਏ ਹਨ। ਉਹਨਾਂ ਨੂੰ ਫਾਰਮ ਵਿੱਚ ਦਾਖਲ ਹੋਣ ਦੀ ਮਨਜ਼ੂਰੀ ਦੇਣ ਤੋਂ ਪਹਿਲਾਂ ਇਹ ਵੀ ਯਕੀਨੀ ਬਣਾਉ ਕਿ ਉਹਨਾਂ ਨੇ ਆਪਣੇ ਕਪੜੇ ਸਾਫ ਕਰ ਲਏ ਹਨ ਅਤੇ ਚੰਗੀ ਤਰ੍ਹਾਂ ਆਪਣੇ ਜੂਤੇ ਸਾਫ ਕਰ ਲਏ ਹਨ।




# ਡਿਕੰਟੈਮਿਨੇਸ਼ਨ (ਕੀਟਾਣੂਰਹਿਤ ਕਰਨਾ)

## ਜ਼ਰੂਰਤਾਂ

- ਸਾਫ ਪਾਣੀ ਦੀ ਸਪਲਾਈ ਦਾ ਇਸਤੇਮਾਲ ਕੀਤਾ ਜਾਣਾ ਚਾਹੀਦਾ ਹੈ। ਸਾਫ ਪਾਣੀ ਉਹ ਹੁੰਦਾ ਹੈ ਜਿਹੜਾ ਖੇਤੀ-ਬਾੜੀ ਵਾਲੀ ਮਿੱਟੀ ਜਾਂ ਕੇਲੇ ਦੇ ਪੌਦਿਆਂ ਦੇ ਸੰਪਰਕ ਵਿੱਚ ਨਾ ਆਇਆ ਹੋਵੇ ਜਾਂ ਜਿਸਨੂੰ ਦੂਸ਼ਿਤ ਜੀਵਾਂ ਤੋਂ ਰਹਿਤ ਕਰਨ ਲਈ ਉਸਦਾ ਸ਼ੋਧਨ ਕੀਤਾ ਗਿਆ ਹੋਵੇ (ਉਦਾਹਰਨ ਵਜੋਂ ਬੋਰ ਵਾਟਰ [ਜ਼ਮੀਨ ਤੋਂ ਸੁਰਾਖ ਕਰਕੇ ਕੱਢਿਆ ਗਿਆ ਪਾਣੀ], ਵਰਖਾ ਦਾ ਪਾਣੀ ਜਿਸਨੂੰ ਸਿੱਧੇ ਟੈਂਕ ਵਿੱਚ ਇੱਕਠਾ ਕੀਤਾ ਜਾਂਦਾ ਹੈ ਅਤੇ ਟਾਉਨ ਟਾਵਰ [ਸ਼ਹਿਰ ਤੋਂ ਆਉਣ ਵਾਲਾ ਪਾਣੀ]।
- ਜੁਤਿਆਂ ਅਤੇ ਸਾਧਨਾਂ ਨੂੰ ਕੀਟਾਣੂਰਹਿਤ ਕਰਨ ਲਈ ਪਲਾਸਟਿਕ ਫੁਟਬਾਥ ਅਤੇ ਬਾਲਟੀ।
- ਹੈਂਡ ਸੈਨੀਟਾਇਜ਼ਰ ਅਤੇ/ਜਾਂ ਸਾਬਣ ਅਤੇ ਨਾਲ ਹੀ ਉਚਿਤ ਮਾਤਰਾ ਵਿੱਚ ਸਾਫ ਪਾਣੀ।

ਇਸਤੋਂ ਇਲਾਵਾ, ਤੁਸੀਂ ਆਪਣੇ ਫਾਰਮ ਵਿੱਚ ਡਿਕੰਟੈਮਿਨੇਸ਼ਨ ਚੇਕਪਵਾਇੰਟ (ਕੀਟਾਣੂਰਹਿਤ ਕਰਨ ਦੀਆਂ ਥਾਵਾਂ) ਲਾਗੂ ਕਰਨੇ ਚਾਹ ਸਕਦੇ ਹੋ ਤਾਂਜੋ ਕਰਮਚਾਰੀ ਇੱਕ ਬਲਾਕ ਤੋਂ ਦੂਜੇ ਬਲਾਕ ਜਾਣ ਤੋਂ ਪਹਿਲਾਂ ਹੱਥ-ਪੈਰ ਤੇ ਸਾਮਾਨ ਧੋ ਸਕਣ ਅਤੇ ਕੀਟਾਣੂਰਹਿਤ ਹੋ ਸਕਣ। ਜੇਕਰ ਤੁਹਾਡੀ ਪ੍ਰਾਪਰਟੀ ਸੰਕ੍ਰਮਿਤ ਹੋ ਜਾਂਦੀ ਹੈ ਤਾਂ ਅਜਿਹਾ ਕਰਨਾ ਬੀਮਾਰੀ ਨੂੰ ਅੱਗੇ ਹੋਰ ਫੈਲਣ ਤੋਂ ਰੋਕਣ ਵਿੱਚ ਮਦਦ ਕਰੇਗਾ। **ਤੁਸੀਂ ਇਹਨਾਂ ਥਾਵਾਂ ਤੇ ਖਾਸ ਜੂਤੇ ਵੀ ਉਪਲਬਧ ਕਰਾਉਣਾ ਚਾਹ ਸਕਦੇ ਹੋ।**

# ਲੋਕ

## ਵਾਸ਼-ਡਾਉਨ (ਸਾਫ-ਸਫਾਈ ਕਰਨ ਲਈ ਧੋਣ) ਦੀ ਪ੍ਰਕ੍ਰਿਆ

**ਚਰਣ 1 – ਸਾਫ-ਸਫਾਈ ਕਰਨੀ**

- ਜੁਤਿਆਂ, ਹੈਟ, ਕਪੜਿਆਂ ਅਤੇ ਕਿਸੇ ਹੋਰ ਵਸਤੂਆਂ ਤੋਂ ਸਾਫ ਨਜ਼ਰ ਆਉਣ ਵਾਲੀ ਮਿੱਟੀ, ਪੌਦਿਆਂ ਦੀ ਸਮੱਗਰੀ ਅਤੇ ਮਲਬਾ ਪਾਣੀ ਅਤੇ ਡਿਟਰਜੇਂਟ ਨਾਲ ਰਗੜ ਕੇ ਹਟਾਉ ਅਤੇ ਫਿਰ ਇਸਨੂੰ ਰਿੰਸ ਕਰੋ। ਜੁਤਿਆਂ ਦੇ ਸੋਲ ਦੇ ਮੋਹਰਲੇ ਹਿੱਸੇ ਵਿਚੋਂ ਕੀਚੜ ਨੂੰ ਪੂਰੀ ਤਰ੍ਹਾਂ ਹਟਾਉਣ ਲਈ ਇੱਕ ਸਕਰੂ ਡਰਾਇਵਰ ਜਾਂ ਬੁਰਸ਼ ਦੀ ਲੋੜ ਪੈ ਸਕਦੀ ਹੈ। ਤੁਹਾਡਾ ਖੇਤੀ-ਬਾੜੀ ਦਾ ਰਸਾਇਣਕ ਰਿਟੇਲਰ ਇਹ ਸਲਾਹ ਦੇ ਸਕਦਾ ਹੈ ਕਿ ਕਿਹੜੇ ਡਿਟਰਜੇਂਟ-ਆਧਾਰਤ ਕਲੀਂਸਰ ਇਸਤੇਮਾਲ ਲਈ ਉਚਿਤ ਹਨ।

**ਚਰਣ 2 – ਕੀਟਾਣੂਰਹਿਤ ਕਰਨਾ**

- ਇੱਕ ਉਚਿਤ ਵਿਆਪਕ ਵਿਸਤਾਰ ਵਾਲੇ ਕੀਟਾਣੂਨਾਸ਼ਕ ਵਿੱਚ ਜੂਤੇ ਜਾਂ ਉਪਕਰਣ ਡੁੱਬਾਕੇ ਅਤੇ ਗਿੱਲੇ ਕਰਕੇ ਇਹਨਾਂ ਨੂੰ ਕੀਟਾਣੂਰਹਿਤ ਕਰੋ। ਤੁਹਾਨੂੰ ਹਰੇਕ ਉਤਪਾਦ ਦਾ ਇਸਤੇਮਾਲ ਉਸਦੇ ਲੇਬਲ ਵਿੱਚ ਦਿੱਤੇ ਤਰੀਕੇ ਜਾਂ ਔਸਟ੍ਰੇਲੀਆ ਦੀ ਕੀੜੇਮਾਰ ਅਤੇ ਵੈਟਰਨਰੀ ਮੈਡੀਸਨ ਅਥਾਰਟੀ (Australian Pesticides and Veterinary Medicines Authority - APVMA) ਦੇ ਪਰਮਿਟ ਦੇ ਨਿਰਦੇਸ਼ਾਂ ਮੁਤਾਬਕ ਕਰਨਾ ਚਾਹੀਦਾ ਹੈ। ਤੁਹਾਡਾ ਖੇਤੀ-ਬਾੜੀ ਦਾ ਰਸਾਇਣਕ ਰਿਟੇਲਰ ਇਹ ਸਲਾਹ ਦੇ ਸਕਦਾ ਹੈ ਕਿ ਕਿਹੜੇ ਵਿਆਪਕ ਵਿਸਤਾਰ ਵਾਲੇ ਕੀਟਾਣੂਨਾਸ਼ਕ ਇਸਤੇਮਾਲ ਲਈ ਉਚਿਤ ਹਨ।

**ਚਰਣ 3 – ਰਿੰਸ ਕਰਨਾ**

ਕੀਟਾਣੂਰਹਿਤ ਕੀਤੇ ਜਾਣ ਬਾਅਦ, ਵਸਤੂਆਂ ਨੂੰ ਸਾਫ ਪਾਣੀ ਨਾਲ ਰਿੰਸ ਕੀਤਾ ਜਾਣਾ ਚਾਹੀਦਾ ਹੈ ਤਾਂਜੋ ਬਾਕੀ ਉਤਪਾਦ ਹਟਾਏ ਜਾ ਸਕਣ।



### ਕੰਮ ਸ਼ੁਰੂ ਕਰਨ ਤੋਂ ਪਹਿਲਾਂ

ਯਕੀਨੀ ਬਣਾਉ ਕਿ ਕਰਮਚਾਰੀ:

- ਇਸ ਗੱਲ ਤੋਂ ਜਾਣੂ ਹਨ ਕਿ ਉਹਨਾਂ ਲਈ ਇਹ ਜ਼ਰੂਰੀ ਹੈ ਕਿ ਉਹ ਹਾਲ ਹੀ ਵਿੱਚ ਧੋਏ ਕਪੜੇ ਅਤੇ ਹੈਟ ਪਾਕੇ ਕੰਮ ਤੇ ਸਾਫ-ਸੁਥਰੇ ਆਉਣ।
- ਆਪਣੇ ਉਪਕਰਣ ਲਿਆਉਣ ਦੀ ਬਜਾਏ ਫਾਰਮ ਵਿੱਚ ਉਪਲਬਧ ਕਰਾਏ ਗਏ ਟੂਲ ਅਤੇ ਉਪਕਰਣਾ ਦਾ ਇਸਤੇਮਾਲ ਕਰਨ
- ਉੱਪਰ ਦੱਸੀ ਤਿੰਨ ਚਰਣਾਂ ਵਾਲੀ ਪ੍ਰਕ੍ਰਿਆ ਦਾ ਇਸਤੇਮਾਲ ਕਰਕੇ ਜੂਤੇ ਅਤੇ ਬੈਗ ਤੇ ਛੁਰਿਆਂ ਵਰਗੀਆਂ ਹੋਰ ਵਸਤੂਆਂ ਨੂੰ ਸਾਫ ਅਤੇ ਕੀਟਾਣੂਰਹਿਤ ਕਰਨ।



### ਕੰਮ ਕਰਨ ਦੇ ਦੌਰਾਨ

ਯਕੀਨੀ ਬਣਾਉ ਕਿ ਕਰਮਚਾਰੀ:

- ਪੌਦਿਆਂ ਦੀ ਸਮੱਗਰੀ ਜਾਂ ਮਿੱਟੀ ਦੇ ਸੰਪਰਕ ਵਿੱਚ ਆਉਣਾ ਤੋਂ ਪਹਿਲਾਂ ਅਤੇ ਇਸਤੋਂ ਬਾਅਦ ਐਂਟੀਬੈਕਟੀਰਿਅਲ ਹੈਂਡ ਜੈੱਲ ਦੀ ਵਰਤੋਂ ਕਰਕੇ ਆਪਣੇ ਹੱਥ ਕੀਟਾਣੂਰਹਿਤ ਕਰਦੇ ਹਨ।
- ਪ੍ਰਾਪਰਟੀ ਛੱਡ ਕੇ ਜਾਣ ਤੋਂ ਪਹਿਲਾਂ ਲੇਬਲ ਵਿੱਚ ਦਿੱਤੇ ਨਿਰਦੇਸ਼ਾਂ ਮੁਤਾਬਕ ਇਸਤੇਮਾਲ ਕੀਤੇ ਸ਼ੋਧਨ ਘੋਲ ਦਾ ਨਿਪਟਾਰਾ ਸੜਕਾਂ, ਨਿਕਾਸ-ਮਾਰਗਾਂ, ਰਾਹਾਂ, ਨਦੀ ਤਟ ਦੇ ਖੇਤਰਾਂ ਅਤੇ ਜਲ-ਮਾਰਗਾਂ ਤੋਂ ਪਰੇ ਕਰਦੇ ਹਨ।



### ਕੰਮ ਖਤਮ ਕਰਕੇ ਜਾਣ ਤੋਂ ਪਹਿਲਾਂ

ਯਕੀਨੀ ਬਣਾਉ ਕਿ ਕਰਮਚਾਰੀ:

- ਪ੍ਰਾਪਰਟੀ ਛੱਡ ਕੇ ਜਾਣ ਤੋਂ ਪਹਿਲਾਂ ਆਪਣੇ ਕਪੜੇ ਅਤੇ ਹੋਰ ਅਤਿਰਿਕਤ ਚੀਜ਼ਾਂ (ਜਿਵੇਂ ਕਿ ਗੈਟਰ) ਬਦਲਦੇ ਜਾਂ ਧੋਂਦੇ ਹਨ ਅਤੇ ਉੱਤੇ ਦਿੱਤੀ ਤਿੰਨ ਚਰਣਾਂ ਵਾਲੀ ਪ੍ਰਕ੍ਰਿਆ ਦਾ ਇਸਤੇਮਾਲ ਕਰਕੇ ਆਪਣੇ ਜੂਤੇ ਅਤੇ ਉਪਕਰਣ ਸਾਫ ਅਤੇ ਕੀਟਾਣੂਰਹਿਤ ਕਰਦੇ ਹਨ।



# ਗੱਡੀਆਂ ਅਤੇ ਮਸ਼ੀਨਾਂ

## ਇੱਕ ਥਾਂ ਤੋਂ ਦੂਜੀ ਥਾਂ ਲੈ ਜਾਣਾ

ਮਿੱਟੀ ਅਤੇ ਪੌਦਿਆਂ ਦੀ ਸਮੱਗਰੀ ਦੇ ਸੰਪਰਕ ਵਿੱਚ ਆਉਣ ਵਾਲੇ ਉਪਕਰਣ ਅਤੇ ਵਸਤੂਆਂ ਜਿਵੇਂ ਕਿ ਗੱਡੀਆਂ ਅਤੇ ਮਸ਼ੀਨਾਂ ਦੀ ਤੁਹਾਡੇ ਫਾਰਮ ਦੇ ਦੂਜੇ ਖੇਤਰਾਂ ਜਾਂ ਹੋਰ ਪ੍ਰਾਪਰਟੀਆਂ ਵਿੱਚ ਬੀਮਾਰੀ ਫੈਲਾਉਣ ਦੀ ਸੰਭਾਵਨਾ ਹੁੰਦੀ ਹੈ, ਖਾਸ ਕਰਕੇ ਬਰਸਾਤੀ ਮੌਸਮ ਵਿੱਚ।



## ਸੋਚ-ਵਿਚਾਰ ਕਰਨ ਲਈ ਉਪਾ:

- ਗੱਡੀਆਂ ਅਤੇ ਮਸ਼ੀਨਾਂ ਨੂੰ ਇੱਕ ਥਾਂ ਤੋਂ ਦੂਜੀ ਥਾਂ ਲਿਜਾਏ ਜਾਣ ਦਾ ਪ੍ਰਬੰਧ ਕਰਨ ਲਈ ਚੇਤਾਵਨੀ ਸੰਕੇਤਾਂ ਅਤੇ ਬਾੜ ਦਾ ਪ੍ਰਯੋਗ ਕਰੋ।
- ਜਿੱਥੇ ਸੰਭਵ ਹੋਵੇ, ਮੁਲਾਕਾਤੀਆਂ ਨੂੰ ਆਪਣੀ ਪ੍ਰਾਪਰਟੀ ਵਿੱਚ ਇੱਕ ਜਗ੍ਹਾਂ ਤੋਂ ਦੂਜੀ ਜਗ੍ਹਾ ਲੈ ਜਾਣ ਲਈ ਆਪਣੀ ਗੱਡੀ ਦੀ ਵਰਤੋਂ ਕਰੋ।
- ਫਾਰਮ ਦੇ ਉਤਪਾਦਨ ਖੇਤਰਾਂ ਵਿੱਚ, ਗੱਡੀਆਂ ਦੀ ਆਵਾਜਾਈ ਨੂੰ ਨਿਮਨਤਮ ਰੱਖੋ, ਖਾਸ ਕਰਕੇ ਗਿੱਲੀ ਮਿੱਟੀ ਉੱਤੇ।
- ਹਰੇਕ ਬਲਾਕ ਵਿੱਚ ਨੇਮੀ ਰਾਹਾਂ ਦੀ ਪਾਲਣਾ ਕਰੋ।
- ਹਮੇਸ਼ਾ ਇਹ ਯਕੀਨੀ ਬਣਾਉ ਕਿ ਉਧਾਰ ਤੇ ਲਈ ਗਈ ਜਾਂ ਸੈਕੰਡ ਹੈਂਡ (ਪੁਰਾਣੀ) ਉਪਕਰਣ ਅਤੇ ਮਸ਼ੀਨਾਂ ਨੂੰ ਤੁਹਾਡੀ ਪ੍ਰਾਪਰਟੀ ਤੇ ਲਿਆਏ ਜਾਣ ਤੋਂ ਪਹਿਲਾਂ ਉਹਨਾਂ ਤੋਂ ਹਰ ਤਰ੍ਹਾਂ ਦੀ ਪੌਦਾ ਸਮੱਗਰੀ ਅਤੇ ਮਿੱਟੀ ਸਾਫ ਕੀਤੀ ਜਾਂਦੀ ਹੈ।
- ਗੰਦੀ ਗੱਡੀਆਂ ਅਤੇ ਮਸ਼ੀਨਾਂ ਨੂੰ ਕਾਰ ਪਾਰਕ ਤੋਂ ਅੱਗੇ ਆਉਣ ਤੇ ਰੋਕ ਲਾਉ ਬਸ਼ਰਤੇ ਕਿ ਵਾਸ਼-ਡਾਉਨ ਅਤੇ ਕੀਟਾਣੂਰਹਿਤ ਕੀਤੇ ਜਾਣ ਦੀ ਪ੍ਰਕ੍ਰਿਆ ਨੂੰ ਪੂਰਾ ਨਾ ਕੀਤਾ ਗਿਆ ਹੋਵੇ।

## ਜ਼ਰੂਰਤਾਂ

- ਸਾਫ ਪਾਣੀ ਦੀ ਸਪਲਾਈ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ। ਸਾਫ ਪਾਣੀ ਉਹ ਹੁੰਦਾ ਹੈ ਜਿਹੜਾ ਖੇਤੀ-ਬਾੜੀ ਵਾਲੀ ਮਿੱਟੀ ਜਾਂ ਕੇਲੇ ਦੇ ਪੌਦਿਆਂ ਦੇ ਸੰਪਰਕ ਵਿੱਚ ਨਾ ਆਇਆ ਹੋਵੇ ਜਾਂ ਜਿਸਨੂੰ ਦੂਸ਼ਿਤ ਜੀਵਾਂ ਤੋਂ ਰਹਿਤ ਕਰਨ ਲਈ ਉਸਦਾ ਸ਼ੋਧਨ ਕੀਤਾ ਗਿਆ ਹੋਵੇ (ਉਦਾਹਰਨ ਵਜੋਂ ਬੋਰ ਵਾਟਰ [ਜ਼ਮੀਨ ਤੋਂ ਸੁਰਾਖ ਕਰਕੇ ਕੱਢਿਆ ਗਿਆ ਪਾਣੀ], ਵਰਖਾ ਦਾ ਪਾਣੀ ਜਿਸਨੂੰ ਸਿੱਧੇ ਟੈਂਕ ਵਿੱਚ ਇੱਕਠਾ ਕੀਤਾ ਜਾਂਦਾ ਹੈ, ਟਾਉਨ ਟਾਵਰ [ਸ਼ਹਿਰ ਤੋਂ ਆਉਣ ਵਾਲਾ ਪਾਣੀ]।
- ਵਾਟਰ ਪ੍ਰੇਸ਼ਰ ਕਲੀਨਰ, ਚੰਗੀ ਗੱਲ ਹੈ ਜੇਕਰ ਇਹ ਇੱਕ ਮੋਬਾਇਲ ਵਾਟਰ ਟੈਂਕਰ ਜਾਂ ਸਪ੍ਰੇ ਯੂਨਿਟ ਹੋਵੇ। ਛੋਟੇ ਵਾਸ਼-ਡਾਉਨ ਲਈ ਗਾਰਡਨ ਹੋਜ਼ ਹੀ ਕਾਫੀ ਹੋ ਸਕਦੀ ਹੈ।
- ਗੱਡੀਆਂ ਦੇ ਕੈਬਿਨ ਦੇ ਅੰਦਰਲੇ ਭਾਗ ਸਮੇਤ ਕੈਬਿਨ ਨੂੰ ਸਾਫ ਕਰਨ ਅਤੇ ਸੁੱਕੇ ਕੀਚੜ ਨੂੰ ਹਟਾਉਣ ਲਈ ਝਾੜੂ, ਬੁਰਸ਼, ਖੁਰਚੇ ਅਤੇ ਡਸਟ ਪੈਨ।
- ਛੋਟੇ ਯੰਤਰਾਂ ਨੂੰ ਸਾਫ ਕਰਦੇ ਸਮੇਂ ਮੁੜ-ਦੂਸ਼ਣ ਤੋਂ ਬੱਚਣ ਲਈ ਇੱਕ ਵੱਡੀ ਤਰਪਾਲ।
- ਡਿਸਪੋਸ ਕੀਤੀਆਂ ਜਾਣ ਵਾਲੀਆਂ ਵਸਤੂਆਂ ਨੂੰ ਇੱਕਠਾ ਅਤੇ ਸੀਲ ਕਰਨ ਲਈ ਮਜ਼ਬੂਤ ਪਲਾਸਟਿਕ ਬੈਗ।
- ਤੁਹਾਡੇ ਖੇਤੀ-ਬਾੜੀ ਰਸਾਇਣਕ ਰਿਟੇਲਰ ਦੁਆਰਾ ਸਲਾਹ ਦਿੱਤੇ ਸਾਫ-ਸਫਾਈ ਅਤੇ ਕੀਟਾਣੂਰਹਿਤ ਕਰਨ ਦੇ ਘੋਲ।

## ਵਾਸ਼-ਡਾਉਨ (ਧੋਣ ਦੀਆਂ ਥਾਵਾਂ)

- ਇੱਕ ਸਮਰਪਿਤ ਵਾਸ਼-ਡਾਉਨ ਦੀ ਥਾਂ ਫਾਰਮ ਵਿੱਚ ਕੰਮ ਕਰਨ ਵਾਲੇ ਕਰਮਚਾਰੀਆਂ ਨੂੰ ਗੱਡੀਆਂ ਅਤੇ ਉਪਕਰਣ ਸਾਫ ਕਰਨ ਦੀ ਸੁਵਿਧਾ ਪ੍ਰਦਾਨ ਕਰਦੀ ਹੈ ਅਤੇ ਇਸ ਥਾਂ 'ਤੇ ਆਸਾਨੀ ਨਾਲ ਪ੍ਰਬੰਧ ਕੀਤੇ ਜਾਣ ਵਾਲੇ ਇੱਕ ਜਗ੍ਹਾ ਤੇ ਸੰਭਾਵਿਤ ਸੰਦੂਸ਼ਕ ਸ਼ਾਮਲ ਹੁੰਦੇ ਹਨ।
- ਜਿੱਥੇ ਸੰਭਵ ਹੋਵੇ, ਇੱਕ ਮਨੋਨੀਤ ਸੁਵਿਧਾ ਦੀ ਵਰਤੋਂ ਕਰੋ। ਜੇਕਰ ਵਾਸ਼-ਡਾਉਨ ਸੁਵਿਧਾ ਉਪਲਬਧ ਨਹੀਂ ਹੈ, ਤਾਂ ਅਜਿਹੀ ਥਾਂ ਤੇ ਇਸਨੂੰ ਸਥਾਪਤ ਕੀਤਾ ਜਾਣਾ ਚਾਹੀਦਾ ਹੈ ਜਿਹੜੀ ਅੰਦਰ ਆਉਣ ਅਤੇ ਬਾਹਰ ਜਾਣ ਦੇ ਰਸਤੇ ਦੇ ਨਜਦੀਕ ਹੋਵੇ (ਮਤਲਬ ਕਿ ਨਾਮਜ਼ਦ ਪਾਰਕਿੰਗ ਖੇਤਰ ਦੇ ਲਾਗੇ), ਅਤੇ ਫਸਲ ਦੇ ਖੇਤਰ ਤੋਂ ਪਰੇ।
- ਉਚਿਤ ਆਕਾਰ ਅਤੇ ਮਾਪ ਦੀ ਇੱਕ ਸਮਤਲ ਥਾਂ ਦੀ ਚੋਣ ਕਰੋ ਜਿਸ ਵਿੱਚ ਕੋਈ ਵੀ ਗੱਡੀ ਰੱਖੀ ਜਾ ਸਕੇ। ਇਹ ਥਾਂ ਜਲ-ਮਾਰਗਾਂ, ਗੱਟਰਾਂ, ਪੁਲਿਆਂ ਜਾਂ ਜਲ-ਮਾਰਗਾਂ ਜਾਂ ਸਮੁੰਦਰੀ ਜਲ ਵਿੱਚ ਨਿਕਾਸ ਕਰਨ ਵਾਲੇ ਖੇਤਰਾਂ ਤੋਂ ਪਰੇ ਹੋਣੀ ਚਾਹੀਦੀ ਹੈ।



- ਉੱਚ ਦਾਬ ਵਾਲੀ ਹਵਾ ਲਈ ਪਾਵਰ ਦੇ ਸਰੋਤ ਅਤੇ ਵਾਟਰ ਕਲੀਨਰ ਤਕ ਪਹੁੰਚ ਲਾਭਮੰਦ ਰਹਿੰਦੀ ਹੈ।
- ਆਦਰਸ਼ ਤੌਰ 'ਤੇ, ਵਾਸ਼-ਡਾਉਨ ਦੀ ਥਾਂ 'ਤੇ ਠੋਸ ਅਤੇ ਪ੍ਰਬਲ ਅਧਾਰ (ਉਦਾਹਰਨ ਵਜੋਂ: ਕੰਕਰੀਟ) ਹੋਣਾ ਚਾਹੀਦਾ ਹੈ ਅਤੇ ਧੋਣ ਪਿਛੋਂ ਬਾਕੀ ਬਚੇ ਸਾਰੇ ਪਾਣੀ ਨੂੰ ਰੋਕਣ ਲਈ ਬੰਨ੍ਹ ਬਣਾਈ ਜਾਣੀ ਚਾਹੀਦੀ ਹੈ, ਮਤਲਬ ਕਿ ਇੱਕ ਨਿਯੰਤਰਿਤ ਨਿਕਾਸ ਖੇਤਰ (Controlled Drainage Area - CDA)। ਅਵਸ਼ੇਸ਼ ਦੇ ਨਿਕਾਸ ਵਿਕਲਪਾਂ ਲਈ ਇਸ ਦਸਤਾਵੇਜ ਦੇ ਸਫੇ 11 'ਤੇ ਉਤਪਾਦ ਪ੍ਰਯੋਗ ਦੇ ਦਿਸ਼ਾ-ਨਿਰਦੇਸ਼ ਅਤੇ ਇਸਤੇ ਸੋਚ-ਵਿਚਾਰ ਕਰਨ ਦੀ ਪ੍ਰਕ੍ਰਿਆ ਦਾ ਹਵਾਲਾ ਲਉ।



## ਡਿਕੰਟੈਮਿਨੇਸ਼ਨ (ਕੀਟਾਣੂਰਹਿਤ ਕਰਨਾ)

### ਸੁਰੱਖਿਆ ਨੂੰ ਪ੍ਰਾਥਮਿਕਤਾ ਬਣਾਉ

ਗੱਡੀਆਂ, ਮਸ਼ੀਨਾਂ ਅਤੇ ਸਾਧਨਾਂ ਨੂੰ ਸਾਫ ਕਰਨ ਤੋਂ ਪਹਿਲਾਂ, ਖਾਸ ਸੁਰੱਖਿਆ ਨਿਰਦੇਸ਼ਾਂ ਲਈ ਇਹਨਾਂ ਦੇ ਉਚਿਤ ਓਪਰੇਟਿੰਗ ਮੈਨੂਅਲ ਪੜ੍ਹੋ।

ਇਹ ਯਕੀਨੀ ਬਣਾਉ ਕਿ ਜੇਕਰ ਸਾਫ-ਸਫਾਈ ਦੀ ਪ੍ਰਕ੍ਰਿਆ ਦੌਰਾਨ ਪਾਰਟਸ (ਹਿੱਸਿਆਂ) ਨੂੰ ਇਕ ਥਾਂ ਤੋਂ ਦੂਜੀ ਥਾਂ ਲੈ ਜਾਣ ਦੀ ਲੋੜ ਪੈਂਦੀ ਹੈ ਤਾਂ ਤੁਹਾਡੇ ਕੋਲ ਗੱਡੀ ਜਾਂ ਮਸ਼ੀਨ ਦਾ ਕਾਬਲ ਆਪਰੇਟਰ ਮੌਜੂਦ ਹੈ।

ਰਸਾਇਣਾਂ ਦਾ ਇਸਤੇਮਾਲ ਕਰਦੇ ਸਮੇਂ ਉਚਿਤ ਨਿੱਜੀ ਸੁਰੱਖਿਆ ਸਮੱਗਰੀ (PPE) ਬਾਰੇ ਜਾਣਕਾਰੀ ਲਈ ਉਤਪਾਦ ਦੀ ਸੇਫਟੀ ਡਾਟਾ ਸ਼ੀਟ (SDS) ਦਾ ਹਵਾਲਾ ਲਉ।

- ਇਹ ਯਕੀਨੀ ਬਣਾਉ ਕਿ ਜਗ੍ਹਾ ਵਿੱਚ ਅਜਿਹੀਆਂ ਬਾਧਾਵਾਂ ਜਾਂ ਵਸਤੂਆਂ ਨਹੀਂ ਹਨ ਜਿਹਨਾਂ ਕਰਕੇ ਸੱਟ ਲਗ ਸਕਦੀ ਹੈ। ਜੇਕਰ ਬੰਡਸ (ਬੰਨ੍ਹ) ਜਾਂ ਸੰਪਸ (ਹੌਦੀ) ਮੌਜੂਦ ਹੋਵੇ ਤਾਂ ਇਹ ਜਾਣਕਾਰੀ ਰੱਖੋ ਕਿ ਇਹ ਕਿੱਥੇ ਹੈ ਅਤੇ ਇਹਨਾਂ ਉਤੋਂ ਸਾਧਨ ਲੈ ਜਾਣ ਵੇਲੇ ਸਾਵਧਾਨੀ ਬਰਤੋ।
- ਨਵੇਂ ਕੀੜਿਆਂ, ਬੀਮਾਰੀਆਂ ਜਾਂ ਜੰਗਲੀ ਘਾਹ ਲਈ ਵਾਸ਼-ਡਾਉਨ (ਸਾਫ-ਸਫਾਈ ਲਈ ਧੋਣ) ਵਾਲੀ ਥਾਂ ਦੇ ਆਲੇ-ਦੁਆਲੇ ਦੇ ਖੇਤਰ ਦੀ ਬਾਕਾਇਦਾ ਜਾਂਚ ਕਰੋ।

# ਗੱਡੀਆਂ

## ਵਾਸ਼-ਡਾਉਨ (ਸਾਫ-ਸਫਾਈ ਲਈ ਧੋਣ ਦੀ) ਪ੍ਰਕ੍ਰਿਆ



ਇਸ ਪ੍ਰਕ੍ਰਿਆ ਵਿੱਚ ਤੁਹਾਡੀ ਮਦਦ ਕਰਨ ਲਈ ਹੇਠਾਂ ਦਿੱਤੇ ਇਸ ਗਾਈਡ ਦੇ ਭਾਗਾਂ ਦਾ ਹਵਾਲਾ ਲਉ।

- *ਪੰਨੇ 11 ਤੇ ਦਿਤੀ ਗੱਡੀ ਅਤੇ ਮਸ਼ੀਨਰੀ ਵਾਸ਼-ਡਾਉਨ ਜਾਂਚ-ਸੂਚੀ*
- *ਪੰਨੇ 12 ਤੇ ਦਿਤੀ ਉਤਪਾਦ ਦੀ ਵਰਤੋਂ ਦੇ ਦਿਸ਼ਾ-ਨਿਰਦੇਸ਼ ਅਤੇ ਇਸਤੇ ਸੋਚ-ਵਿਚਾਰ ਕਰਨ ਦੀ ਪ੍ਰਕ੍ਰਿਆ*

### ਚਰਣ 1 – ਸਾਫ-ਸਫਾਈ ਕਰਨੀ

- ਇਹ ਯਕੀਨੀ ਬਣਾਉ ਕਿ ਗੱਡੀ ਜਾਂ ਮਸ਼ੀਨਰੀ ਇੱਕ ਸੁਰੱਖਿਅਤ ਥਾਂ ਤੇ ਖੜੀ ਕੀਤੀ ਜਾਂਦੀ ਹੈ। ਇਸ ਵਿੱਚ ਬ੍ਰੇਕ ਲਗਾਉਣੀ, ਹੱਲ ਨੂੰ ਨੀਵਾਂ ਕਰਨਾ, ਪਹਿਇਆਂ ਨੂੰ ਸਟਾਉਣਾ ਆਦਿ ਸ਼ਾਮਲ ਹਨ।
- ਸਾਰੇ ਉਚਿਤ ਤਲਾਂ ਨੂੰ ਸਾਫ ਕਰਨ ਲਈ ਡਿਟਰਜੇਂਟ-ਆਧਾਰਤ ਕਲੀਂਸਰ ਦੀ ਵਰਤੋਂ ਪਾਣੀ ਨਾਲ ਕਰੋ, ਤਾਂਜੋ ਉਹ ਸਪੱਸ਼ਟ ਤੌਰ 'ਤੇ ਮਿੱਟੀ ਅਤੇ ਪੌਦਿਆਂ ਦੀ ਸਮੱਗਰੀ ਰਹਿਤ ਨਜ਼ਰ ਆਉਣ। ਤੁਹਾਡਾ ਖੇਤੀ-ਬਾੜੀ ਦਾ ਰਸਾਇਣਕ ਰਿਟੇਲਰ ਇਹ ਸਲਾਹ ਦੇ ਸਕਦਾ ਹੈ ਕਿ ਕਿਹੜੇ ਡਿਟਰਜੇਂਟ-ਆਧਾਰਤ ਕਲੀਂਸਰ ਇਸਤੇਮਾਲ ਲਈ ਉਚਿਤ ਹਨ।
- ਉਹਨਾਂ ਖੇਤਰਾਂ ਦੀ ਪਛਾਣ ਕਰੋ ਜਿਹਨਾਂ ਨੂੰ ਪਾਣੀ ਦੀ ਬਜਾਏ ਕੰਪਰੇਸਡ ਹਵਾ ਦੀ ਲੋੜ ਹੋ ਸਕਦੀ ਹੈ ਅਤੇ ਪਹਿਲਾਂ ਇਹਨਾਂ ਨੂੰ ਸਾਫ ਕਰੋ ਜਿਵੇਂ ਕਿ ਰੇਡੀਏਟਰ।
- ਮਸ਼ੀਨਾਂ ਨੂੰ ਉੱਪਰੋਂ ਸ਼ੁਰੂ ਕਰਕੇ ਥੱਲੇ ਜਾਂਦੇ ਹੋਏ ਧੋਵੋ ਅਤੇ ਅੰਦਰਲੇ ਹਿੱਸਿਆਂ ਤਕ ਪਹੁੰਚਣ ਲਈ ਇਹਨਾਂ ਹਿੱਸਿਆਂ ਨੂੰ ਵੱਖ-ਵੱਖ ਕਰੋ। ਕੀਚੜ ਅਤੇ ਪੌਦਿਆਂ ਦੀ ਸਮੱਗਰੀ ਨੂੰ ਹਟਾਉਣ ਲਈ ਝਾੜੂ, ਬੁਰਸ਼, ਖੁਰਚੇ ਦੀ ਮਦਦ ਦੀ ਲੋੜ ਪੈ ਸਕਦੀ ਹੈ।
- ਕੀਚੜ, ਮਿੱਟੀ ਅਤੇ ਪੌਦਿਆਂ ਦੀ ਸਮੱਗਰੀ ਦੇ ਇੱਕਠੇ ਹੋਣ ਦੀ ਹੱਦ ਦਾ ਨਿਰਧਾਰਨ ਕਰੋ ਅਤੇ ਅਜਿਹੇ ਖੇਤਰਾਂ ਦੀ ਪਛਾਣ ਕਰੋ ਜਿਹਨਾਂ ਵੱਲ ਖਾਸ ਧਿਆਨ ਦਿੱਤੇ ਜਾਣ ਦੀ ਲੋੜ ਹੈ, ਜਿਵੇਂ ਕਿ ਗਾਰਡ ਦੇ ਪਿੱਛੇ ਅਤੇ ਸੁਰੱਖਿਅਤ ਪਲੇਟਾਂ, ਰੇਡੀਏਟਰ ਅਤੇ ਸਪੇਅਰ ਟਾਇਰ।
- ਗਾਰਡ ਦੇ ਥੱਲੇ ਅਤੇ ਮਸ਼ੀਨ ਜਾਂ ਗੱਡੀ ਅਤੇ ਕੈਬਿਨ ਦੇ ਹੇਠਲੇ ਹਿੱਸੇ ਨੂੰ ਸਾਫ ਕਰੋ, ਇਸ ਵਿੱਚ ਅੰਦਰਲਾ ਭਾਗ, ਉਪਰਲੀ ਬਾਡੀ ਅਤੇ ਯੰਤਰ ਅਤੇ ਨਾਲ ਹੀ ਟੂਲ ਬਾਕਸ ਅਤੇ ਭੰਡਾਰ ਦੇ ਭਾਗ ਸ਼ਾਮਲ ਹਨ।



### ਚਰਣ 2 – ਕੀਟਾਣੂਰਹਿਤ ਕਰਨਾ

- ਸਾਫ-ਸਫਾਈ ਦੀ ਪ੍ਰਕ੍ਰਿਆ ਬਾਅਦ, ਸਾਰੇ ਉਚਿਤ ਤਲਾਂ 'ਤੇ ਵਿਆਪਕ ਵਿਸਤਾਰ ਵਾਲੇ ਕੀਟਾਣੂਨਾਸ਼ਕ ਦਾ ਪ੍ਰਯੋਗ ਕਰੋ। ਤੁਹਾਨੂੰ ਹਰੇਕ ਉਤਪਾਦ ਦਾ ਇਸਤੇਮਾਲ ਉਸਦੇ ਲੇਬਲ ਵਿੱਚ ਦਿੱਤੇ ਤਰੀਕੇ ਜਾਂ ਔਸਟ੍ਰੇਲੀਆ ਦੀ ਕੀੜੇਮਾਰ ਅਤੇ ਵੈਟਰਨਰੀ ਮੈਡੀਸਨ ਅਥਾਰਟੀ (Australian Pesticides and Veterinary Medicines Authority - APVMA) ਦੇ ਪਰਮਿਟ ਦੇ ਨਿਰਦੇਸ਼ਾਂ ਮੁਤਾਬਕ ਕਰਨਾ ਚਾਹੀਦਾ ਹੈ। ਤੁਹਾਡਾ ਖੇਤੀ-ਬਾੜੀ ਦਾ ਰਸਾਇਣਕ ਰਿਟੇਲਰ ਇਹ ਸਲਾਹ ਦੇ ਸਕਦਾ ਹੈ ਕਿ ਕਿਹੜੇ ਵਿਆਪਕ ਵਿਸਤਾਰ ਵਾਲੇ ਕੀਟਾਣੂਨਾਸ਼ਕ ਇਸਤੇਮਾਲ ਲਈ ਉਚਿਤ ਹਨ।

### ਚਰਣ 3 – ਰਿੰਸ ਕਰਨਾ

- ਕੀਟਾਣੂਰਹਿਤ ਕਰਨ ਦੀ ਪ੍ਰਕ੍ਰਿਆ ਤੋਂ ਬਾਅਦ, ਸਾਰੇ ਉਚਿਤ ਤਲਾਂ ਨੂੰ ਸਾਫ ਪਾਣੀ ਨਾਲ ਰਿੰਸ ਕਰੋ (ਧੋਵੋ)।



### ਚਰਣ 4 – ਜਾਂਚ ਕਰਨੀ ਅਤੇ ਰਿਕਾਰਡ ਰੱਖਣਾ

- ਇੱਕ ਅੰਤਮ ਜਾਂਚ ਕਰੋ ਤਾਂਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਾਰੀਆਂ ਥਾਵਾਂ ਸਾਫ ਹੋ ਗਈਆਂ ਹਨ।
- ਉਹਨਾਂ ਗਾਰਡਸ ਜਾਂ ਬੇਲੀ ਪਲੇਟਸ ਨੂੰ ਬਦਲੋ ਜਿਹਨਾਂ ਨੂੰ ਸਾਫ-ਸਫਾਈ ਲਈ ਕੱਢਿਆ ਗਿਆ ਸੀ।
- ਸਾਫ ਗੱਡੀ ਜਾਂ ਮਸ਼ੀਨ ਨੂੰ ਮੁੜ ਦੂਸ਼ਿਤ ਹੋਣ ਤੋਂ ਬਚਾਉਂਦੇ ਹੋਏ ਹਿਲਾਉ ਅਤੇ ਜੇਕਰ ਜ਼ਰੂਰੀ ਹੋਵੇ ਤਾਂ ਪਹਿਏ ਜਾਂ ਟਰੈਕ ਤੋਂ ਕਿਸੇ ਬਚੇ ਕੀਚੜ, ਮਿੱਟੀ ਜਾਂ ਪੌਦਿਆਂ ਦੀ ਸਮੱਗਰੀ ਨੂੰ ਧੋਵੋ।
- ਵਾਜਬ ਤਰੀਕੇ ਨਾਲ ਹਰੇਕ ਵਾਸ਼-ਡਾਉਨ ਅਤੇ ਕੀਟਾਣੂਰਹਿਤ ਕਰਨ ਦੇ ਕੰਮ ਦੇ ਵੇਰਵੇ ਨੂੰ ਰਿਕਾਰਡ ਕਰੋ, ਜਿਵੇਂ ਕਿ ਗੱਡੀ ਜਾਂ ਮਸ਼ੀਨਰੀ ਲਾਗ ਬੁਕ।

## ਗੱਡੀਆਂ ਅਤੇ ਮਸ਼ੀਨਾਂ ਨੂੰ ਧੋਣ ਦੀ ਜਾਂਚ-ਸੂਚੀ*

ਗੱਡੀਆਂ ਅਤੇ ਮਸ਼ੀਨਾਂ ਵਿੱਚ ਅਜਿਹੀਆਂ ਕਈ ਥਾਵਾਂ ਹੁੰਦੀਆਂ ਹਨ ਜਿੱਥੇ ਮਿੱਟੀ ਅਤੇ ਹੋਰ ਜੈਵਿਕ ਸਮੱਗਰੀ ਠਹਿਰੀ ਹੋ ਸਕਦੀ ਹੈ। ਹੇਠਾਂ ਦਿੱਤੇ ਖੇਤਰਾਂ ਦੀ ਜਾਂਚ, ਸਾਫ-ਸਫਾਈ ਅਤੇ ਮੁੜ-ਜਾਂਚ ਕਰਨੀ ਮਹੱਤਵਪੂਰਣ ਹੈ:

| ਹੇਠਲਾ ਹਿੱਸਾ ਅਤੇ ਦੂਜੇ ਭਾਗ | |
|---|---|
| ਗਾਰਡਸ ਅਤੇ ਬੈਲੀ ਪਲੇਟਸ | |
| ਚੈਸੀ ਰੇਲ ਅਤੇ ਬਰੈਕਟ | |
| ਰੀਸੇਸ | |
| ਫਯੂਲ ਟੈਂਕ ਦੇ ਆਲੇ-ਦੁਆਲੇ | |
| ਐਕਸਲ ਹਾਉਸਿੰਗ | |
| ਕਿਨਾਰਿਆਂ ਦੇ ਵਿੱਚ ਦੇ ਫਾਸਲੇ ਜਾਂ ਬਾਡੀ ਵਿੱਚ ਦਰਾੜਾਂ, ਇਸ ਵਿੱਚ ਉਹ ਵਿਗਾੜ ਵਾਲੀਆਂ ਥਾਵਾਂ ਸ਼ਾਮਲ ਹਨ ਜਿੱਥੇ ਮਿੱਟੀ ਠਹਿਰ ਸਕਦੀ ਹੈ | |
| **ਇੰਜਨ** | |
| ਚੇਨ ਕੇਸ | |
| ਪਲੇਟਾਂ | |
| ਰੇਡੀਏਟਰ ਫਿਨਸ ਅਤੇ ਗ੍ਰਿਲ | |
| ਕੂਲਿੰਗ ਕੋਰਾਂ ਦੇ ਦਰਮਿਆਨ | |
| ਇੰਜਨ ਮਾਉਂਟ | |
| ਇੰਜਨ ਵਿੱਚਕਾਰ ਖਾਨੇ ਜਾਂ ਬਹੁਗੁਣੇ ਖਾਨੇ | |
| ਇੰਜਨ ਬੈ ਦਾ ਫਲੋਰ | |
| ਏਅਰ ਫਿਲਟਰ | |
| ਬੈਟਰੀ ਬਾਕਸ | |
| **ਪਹੀਏ ਅਤੇ ਸਟੀਰਿੰਗ** | |
| ਟਰੇਡਜ਼ | |
| ਅੰਦਰਲਾ ਅਤੇ ਬਾਹਰਲਾ ਰਿਮ | |
| ਪਹਿਏ ਦੇ ਡਾਟ | |
| ਮਡ ਫਲੇਪਸ | |
| ਬਰੈਕਟ ਅਤੇ ਬ੍ਰੇਕ | |
| ਸਟੀਰਿੰਗ ਦੇ ਭਾਗ | |
| **ਲਾਈਟਾਂ ਅਤੇ ਉਪਕਰਣ** | |
| ਲਾਈਟਾਂ | |
| ਟੂਲ ਬਾਕਸ | |
| ਟੂਲ ਅਤੇ ਉਪਕਰਣ | |

| ਟਰੈਕ ਖੇਤਰ | |
|---|---|
| ਜੁੱਤੇ | |
| ਲਿੰਕਸ | |
| ਸਪਰੋਕੇਟਸ | |
| ਆਇਡਲਰ ਵੀਲਸ | |
| ਟਰੈਕ ਐਡਜਸਟਰ ਗਾਰਡਸ | |
| ਲੁਬਰੀਕੇਸ਼ਨ ਪਵਾਇੰਟਸ | |
| ਟਰੈਕ ਖੇਤਰ ਦੇ ਅੰਦਰ | |
| **ਬਲੇਡ, ਬਕੇਟਸ ਅਤੇ ਅਟੈਚਮੈਂਟਸ** | |
| ਧਾਰ ਦਾ ਮੋਹਰਲਾ ਅਤੇ ਪਿੱਛਲਾ ਹਿੱਸਾ | |
| ਟੀਥ | |
| ਵੀਅਰ ਪਲੇਟਸ ਅਤੇ ਟਰੂਨਿਯਨਸ | |
| ਟਰਨਿੰਗ ਸਰਕਲ | |
| ਹਾਈਡ੍ਰੌਲਿਕ ਰੋਡ | |
| ਬਕਟ ਦੇ ਅੰਦਰ ਅਤੇ ਬਾਹਰ | |
| ਹਾਈਡ੍ਰੌਲਿਕ ਹੋਜ਼ | |
| ਉਹ ਖੇਤਰ ਜਿੱਥੇ ਧਾਰ ਜੜਦੀ ਹੈ | |
| ਵੀਅਰ ਪਲੇਟਸ | |
| ਪਿਵਟ ਪਵਾਇੰਟਸ | |
| ਟਾਇਨ ਅਤੇ ਰਿਪਰਜ਼ | |
| ਸਪੋਟ ਫਰੇਮ | |
| ਚੈਰੀ ਪਿਕਰ ਬਕੇਟ | |
| **ਕੈਬਿਨ** | |
| ਕਾਰਪੇਟ ਅਤੇ ਮੈਟ | |
| ਫੁੱਟ ਵੈਲਸ | |
| ਪੈਡਲ ਅਤੇ ਕੰਟ੍ਰੋਲ | |
| ਸੀਟਾਂ | |
| ਏਅਰ ਕੰਡੀਸ਼ਨਰ ਦੇ ਫਿਲਟਰ | |
| ਬਾਹਰੀ ਆਵਾਜ਼ਾਂ | |

* ਇਹ ਸੁਝਾਅ ਦਿੱਤਾ ਜਾਂਦਾ ਹੈ ਕਿ ਆਸਾਨੀ ਨਾਲ ਇਸਤੇਮਾਲ ਕੀਤੇ ਜਾਣ ਲਈ ਤੁਸੀਂ ਇਸ ਜਾਂਚ-ਸੂਚੀ ਦੀ ਇੱਕ ਕਾਪੀ ਆਪਣੇ ਵਾਸ਼-ਡਾਉਨ ਦੀ ਜਗ੍ਹਾ ਕੋਲ ਰੱਖੋ (ਵਾਟਰਪ੍ਰੂਫ਼ ਸਲੀਵ ਵਿੱਚ ਜਾਂ ਉਚਿਤ ਤਰੀਕੇ ਨਾਲ ਨਿਸ਼ਾਨ ਲਾਏ ਫੋਲਡਰ ਵਿੱਚ)।

## ਉਤਪਾਦ ਦਾ ਇਸਤੇਮਾਲ ਕਰਨ ਦੇ ਦਿਸ਼ਾ-ਨਿਰਦੇਸ਼ ਅਤੇ ਇਸਤੇ ਸੋਚ-ਵਿਚਾਰ ਕਰਨ ਦੀ ਪ੍ਰਕ੍ਰਿਆ

ਵਾਸ਼-ਡਾਉਨ (ਸਾਫ-ਸਫਾਈ ਲਈ ਧੋਣ) ਅਤੇ ਕੀਟਾਣੂਰਹਿਤ ਕਰਨ ਦੇ ਕੰਮ ਲਈ ਪ੍ਰਯੋਗ ਕੀਤੇ ਰਸਾਇਣ ਹਾਲਾਂਕਿ ਵਸਤੂਆਂ ਨੂੰ ਕੀਟਾਣੂਰਹਿਤ ਕਰਨ ਵੱਲ ਧਿਆਨ ਦੇਣ ਵਿੱਚ ਅਸਰਦਾਰ ਹੁੰਦੇ ਹਨ ਪਰ ਇਹਨਾਂ ਦੇ ਹੋਰ ਅਸਰ ਹੋ ਸਕਦੇ ਹਨ ਜੋ ਕਿ ਕਿਸੇ ਦੁਆਰਾ ਜਾਣ-ਬੁੱਝ ਕੇ ਨਹੀਂ ਕੀਤੇ ਜਾਂਦੇ ਹਨ ਅਤੇ ਜਦੋਂ ਇਹਨਾਂ ਦਾ ਇਸਤੇਮਾਲ ਲੇਬਲ ਤੇ ਦਿੱਤੇ ਨਿਰਦੇਸ਼ਾਂ ਮੁਤਾਬਕ ਨਹੀਂ ਕੀਤਾ ਜਾਂਦਾ ਹੈ ਤਾਂ ਇਹ ਜਲੀ ਵਾਤਾਵਰਣ ਲਈ ਬਹੁਤ ਨੁਕਸਾਨਦਾਇਕ ਹੋ ਸਕਦੇ ਹਨ।

ਸਾਡੇ ਜਲ-ਮਾਰਗਾਂ ਦੀ ਸੁਰੱਖਿਆ ਸਾਡੀ ਸਾਰੀਆਂ ਦੀ ਜ਼ੁੰਮੇਵਾਰੀ ਹੈ।

ਜਲੀ ਵਾਤਾਵਰਣ ਨੂੰ ਹੋਣ ਵਾਲੇ ਨੁਕਸਾਨ ਦੇ ਖਤਰੇ ਨੂੰ ਘੱਟ ਕਰਨ ਲਈ:


- ਲੇਬਲ ਤੇ ਦਿੱਤੇ ਨਿਰਦੇਸ਼ਾਂ ਮੁਤਾਬਕ ਉਤਪਾਦ ਦੀ ਵਰਤੋਂ ਕਰ।
- ਉਤਪਾਦ ਸੇਫਟੀ ਡਾਟਾ ਸ਼ੀਟ (SDS) ਵਿੱਚ ਦਿੱਤੇ ਨਿਰਦੇਸ਼ਾਂ ਨੂੰ ਪੜ੍ਹੋ ਅਤੇ ਉਹਨਾਂ ਦੀ ਪਾਲਣਾ ਕਰੋ। SDS ਵਿੱਚ ਡੁਲ੍ਹਣ ਦੀਆਂ ਘਟਨਾਵਾਂ ਦੇ ਨਿਪਟਾਰੇ ਅਤੇ ਇਸਦੀ ਸਾਫ-ਸਫਾਈ ਦੇ ਨਿਰਦੇਸ਼ ਅਤੇ ਵਾਤਾਵਰਣ ਸੰਬੰਧੀ ਹੋਰ ਜਾਣਕਾਰੀ ਸ਼ਾਮਲ ਹੋਵੇਗੀ।
- ਆਦਰਸ਼ ਰੂਪ ਵਿੱਚ, ਵਾਸ਼-ਡਾਉਨ ਅਤੇ ਕੀਟਾਣੂਰਹਿਤ ਕਰਨ ਦੀ ਥਾਂ ਕਿਸੇ ਅਜਿਹੇ ਹਾਰਡ ਸਟੈਂਡ ਤੇ ਹੋਣੀ ਚਾਹੀਦੀ ਹੈ ਜਿੱਥੇ ਇੱਕ ਭੰਡਾਰ ਹੋਂਦੀ ਹੋਵੇ ਜੋ ਗੱਟਰਾਂ, ਪੁਲਿਆਂ ਜਾਂ ਜਲ-ਮਾਰਗਾਂ ਜਾਂ ਸਮੁੰਦਰੀ ਜਲ ਵਿੱਚ ਜਾਕੇ ਮਿਲਣ ਵਾਲੇ ਖੇਤਰਾਂ ਵਿੱਚ ਨਿਕਾਸ ਨੂੰ ਰੋਕਦੀ ਹੋਵੇ। ਜਲ-ਮਾਰਗਾਂ ਵਿੱਚ ਨਿਕਾਸ ਨੂੰ ਰੋਕਣ ਲਈ, ਕਿਸਾਨਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ:
  - ਵਾਸ਼-ਡਾਉਨ ਵਾਲੇ ਖੇਤਰ ਵਿੱਚ ਬੰਨ੍ਹ ਬਣਾਉਣ।
  - ਧੋਣ ਲਈ ਇਸਤੇਮਾਲ ਕੀਤੇ ਪਾਣੀ ਦੀ ਵੱਡੀ ਮਾਤਰਾ ਨੂੰ ਟੇਲ-ਵਾਟਰ ਬੰਨ੍ਹ ਵਿੱਚ ਰੱਖਣ।
  - ਉਪਕਰਣ ਨੂੰ ਸਾਫ ਅਤੇ ਕੀਟਾਣੂਰਹਿਤ ਕਰਨ ਲਈ ਘੱਟ ਤੋਂ ਘੱਟ ਉਤਪਾਦ ਦਾ ਇਸਤੇਮਾਲ ਕਰਨ।
- ਜੇਕਰ ਇੱਕ ਹਾਰਡ ਸਟੈਂਡ ਉਪਲਬਧ ਨਹੀਂ ਹੈ ਤਾਂ ਵਾਸ਼-ਡਾਉਨ ਲਈ ਇੱਕ ਉਚਿਤ ਥਾਂ ਦੀ ਚੋਣ ਕਰੋ। ਗੰਦੇ ਪਾਣੀ ਨੂੰ ਜਿਨ੍ਹੀ ਦੇਰ ਲਈ ਸੰਭਵ ਹੋ ਸਕੇ ਰੋਕਣ ਦੀ ਕੋਸ਼ਿਸ਼ ਕਰੋ ਤਾਂਜੋ ਮਿਸ਼ਰਣ ਦਾ ਬਾਇਓਡਿਗ੍ਰੇਡੇਸ਼ਨ (ਜੈਵ ਰਸਾਇਣਕ ਕ੍ਰਿਆਵਾਂ ਦੁਆਰਾ ਕਾਰਬਨ ਪਦਾਰਥਾਂ ਦਾ ਸਧਾਰਨ ਰਸਾਇਣਕ ਪਦਾਰਥਾਂ ਵਿੱਚ ਘੁੱਲ ਜਾਣਾ) ਹੋ ਸਕੇ (ਇਸ ਵਿੱਚ ਆਮ ਤੌਰ ਤੇ 10 ਤੋਂ 14 ਦਿਨ ਕਾਫੀ ਹੁੰਦੇ ਹਨ)।
- ਵਿਚਲੇ ਗੰਦੇ ਪਾਣੀ ਦਾ ਨਿਪਟਾਰਾ ਸੋਖਣ (ਜਿਵੇਂ ਕਿ ਡਾਇਟੋਮੇਸਿਯਸ ਅਰਥ ਜਾਂ ਬੂਰਾ), ਭਾਪ ਬਣਕੇ ਉੱਡ ਜਾਣੇ ਦੀ ਪ੍ਰਕ੍ਰਿਆਂ ਨਾਲ ਹੋ ਸਕਦਾ ਹੈ ਅਤੇ ਜਿੱਥੇ ਅਜਿਹਾ ਸੰਭਵ ਨਾ ਹੋਵੇ ਉੱਥੇ ਗੰਦੇ ਪਾਣੀ ਨੂੰ ਉਤਪਾਦਨ ਖੇਤਰਾਂ, ਗੱਟਰਾਂ, ਪੁਲਿਆਂ ਜਾਂ ਜਲ-ਮਾਰਗਾਂ ਜਾਂ ਸਮੁੰਦਰੀ ਜਲ ਵਿੱਚ ਜਾਕੇ ਮਿਲਣ ਵਾਲੇ ਖੇਤਰਾਂ ਤੋਂ ਦੂਰ ਘੱਲਿਆ ਜਾ ਸਕਦਾ ਹੈ, ਜਿੱਥੇ ਕਿ ਮਿਸ਼ਰਣਾਂ ਦੀ ਬਾਇਓਡਿਗ੍ਰੇਡੇਸ਼ਨ ਹੋਵੇਗੀ। ਜੇਕਰ ਇਹ ਵਿਕਲਪ ਉਪਲਬਧ ਨਾ ਹੋਣ ਤਾਂ ਵਿਚਲੇ ਪਾਣੀ ਦਾ ਨਿਪਟਾਰਾ ਇੱਕ ਲਾਇਸੈਂਸ ਪ੍ਰਾਪਤ ਠੇਕੇਦਾਰ ਦੁਆਰਾ ਕੀਤਾ ਜਾਣਾ ਚਾਹੀਦਾ ਹੈ।



## ਸਲਾਹ ਦੀ ਭਾਲ ਕਰਨਾ

ਕੋਈ ਵੀ ਵਿਅਕਤੀ ਜਿਸਨੂੰ ਇਹ ਪਤਾ ਚੱਲਦਾ ਹੈ ਕਿ ਕੋਈ ਕਿਸਾਨ ਰਸਾਇਣਾਂ ਦਾ ਇਸਤੇਮਾਲ ਇਸ ਤਰੀਕੇ ਨਾਲ ਕਰ ਰਿਹਾ ਹੈ ਜਿਸਨਾਲ ਵਾਤਾਵਰਣ ਨੂੰ ਨੁਕਸਾਨ ਪਹੁੰਚੇਗਾ, ਜਿਵੇਂ ਕਿ ਕਿਸੇ ਜਲਧਾਰਾ ਦੇ ਨੇੜੇ ਸਾਧਨਾਂ ਨੂੰ ਧੋਣਾ, ਜਾਂ ਗੰਦੇ ਪਾਣੀ ਨੂੰ ਸਿੱਧੇ ਨਾਲੀ ਵਿੱਚ ਵੱਗਣ ਦੇਣਾ, ਉਸਨੂੰ ਪ੍ਰਦੂਸ਼ਣ ਹੌਟਲਾਈਨ ਦੇ ਮਾਧਿਅਮ ਨਾਲ ਵਾਤਾਵਰਣ ਅਤੇ ਵਿਰਸਾ ਸੁਰੱਖਿਆ ਵਿਭਾਗ (Department of Environment and Heritage Protection) ਨਾਲ 1300 130 372 ਤੇ ਸੰਪਰਕ ਕਰਨਾ ਚਾਹੀਦਾ ਹੈ।

**ਵਾਤਾਵਰਣ ਸੰਬੰਧੀ ਸੋਚ-ਵਿਚਾਰ ਬਾਰੇ ਵਧੇਰੀ ਜਾਣਕਾਰੀ ਪ੍ਰੌਡੇਕਟ ਲੇਬਲ 'ਤੇ ਅਤੇ ਪ੍ਰੌਡੇਕਟ SDS ਵਿੱਚ ਪਾਈ ਜਾ ਸਕਦੀ ਹੈ।**



**Biosecurity Queensland**

ਵਧੇਰੀ ਜਾਣਕਾਰੀ ਲਈ ਸਾਡੇ ਨਾਲ ਸੰਪਰਕ ਕਰੋ:

- t 13 25 23
- w www.daf.qld.gov.au
- @BiosecurityQld
- Biosecurity Queensland

ਟਿੱਪਣਿਆਂ:

SCC_0004 ਪ੍ਰਤੀਰੂਪ 1, ਜੂਨ 2015

ਇਸ ਵਿੱਚ ਸ਼ਾਮਲ ਜਾਣਕਾਰੀ ਬਿਨਾ ਨੋਟਿਸ ਕਿਸੇ ਵੇਲੇ ਬਦਲੀ ਜਾ ਸਕਦੀ ਹੈ। ਕਵੀਂਸਲੈਂਡ ਸਰਕਾਰ ਇਸ ਵਿੱਚ ਸ਼ਾਮਲ ਕਿਸੇ ਤਕਨੀਕੀ ਜਾਂ ਦੂਜਿਆਂ ਗਲਤੀਆਂ ਜਾਂ ਚੁੱਕਾਂ ਲਈ ਜੁੰਮੇਵਾਰ ਨਹੀਂ ਹੈ। ਪਾਠਕ/ਉਪਯੋਗਕਰਤਾ ਸਾਰੇ ਖਤਰਿਆਂ ਨੂੰ ਅਤੇ ਇਸ ਸੂਚਨਾ ਦੇ ਪ੍ਰਯੋਗ ਨਾਲ ਸਿੱਧੇ ਜਾਂ ਅਸਿੱਧੇ ਤੌਰ ਤੇ ਹੋਣ ਵਾਲੇ ਘਾਟਿਆਂ, ਨੁਕਸਾਨਾਂ, ਖਰਚਿਆਂ ਅਤੇ ਹੋਰ ਪਰਿਣਾਮਾਂ ਲਈ ਜੁੰਮੇਵਾਰੀ ਸਵੀਕਾਰ ਕਰਦਾ ਹੈ।

© ਕਵੀਂਸਲੈਂਡ ਰਾਜ, Department of Agriculture and Fisheries (ਖੇਤੀਬਾੜੀ ਅਤੇ ਮੱਛੀ ਪਾਲਣ ਵਿਭਾਗ), 2015.



Australian Government

Queensland Government